ਪੁਸਤਕ ਨੰ: ੮

# ਚੰਦ੍ਰ ਕਾਂਤਾ

## ਸੰਤਤ ਭਾਗ ੪

G-195



* ਪ੍ਰਕਾਸ਼ਕ *
ਭਾਈ ਸੁੰਦਰ ਸਿੰਘ ਹਕੀਮ ਚੌਂਕ ਬਾਬਾ ਅਟੱਲ
ਅੰਮ੍ਰਿਤਸਰ

ੴ ਸਤਿਗੁਰਪ੍ਰਸਾਦਿ ॥

# ਚੰਦ੍ਰਕਾਂਤਾ ਸੰਤਤਿ

# ਭਾਗ ਰੇਖਾ

## ਪਹਿਲਾ ਕਾਂਡ

ਹੁਣ ਅਸੀਂ ਆਪਣੀ ਕਹਾਣੀ ਨੂੰ ਫੇਰ ਓਸ ਥਾਂ ਤੋਂ ਆਰੰਭ ਕਰਦੇ ਹਾਂ ਜਦ ਰੋਹਤਾਸ ਗੜ੍ਹ ਕਿਲੇ ਦੇ ਅੰਦਰ ਲਾਲੀ ਨੂੰ ਨਾਲ ਲੈਕੇ ਕਿਸ਼ੋਰੀ ਸੰਨ੍ਹ ਦੇ ਰਸਤੇ ਓਸ ਅਜਾਇਬ ਘਰ ਵਿਚ ਵੜੀਆਂ ਜਿਸ ਦਾ ਬੂਹਾ ਸਦਾ ਵੱਜਾ ਰਹਿੰਦਾ ਸੀ ਅਰ ਬੂਹੇ ਅਗੇ ਹਰ ਵੇਲੇ ਪਹਿਰਾ ਲਗਾ ਰਹਿੰਦਾ ਸੀ ਅਸੀਂ ਪਹਿਲਾਂ ਲਿਖ ਆਏ ਹਾਂ ਜਦ ਲਾਲੀ ਅਤੇ ਕਿਸ਼ੋਰੀ ਓਸ ਮਕਾਨ ਦੇ ਅੰਦਰ ਵੜੀਆਂ, ਓਸ ਵੇਲੇ ਕਈ ਆਦਮੀ ਓਸ ਛੱਤ ਉਪਰ ਚੜ੍ਹ ਗਏ ਅਰ ਫੜੋ ਫੜੋ ਦੀ ਅਵਾਜ ਆਉਣ ਲਗ ਪਈ, ਲਾਲੀ ਅਤੇ ਕਿਸ਼ੋਰੀ ਨੇ ਭੀ ਇਹ ਅਵਾਜ਼ ਸੁਣੀ ਕਿਸ਼ੋਰੀ ਬਹੁਤ ਡਰੀ ਪਰ ਲਾਲੀ ਨੇ ਉਸੇ ਵੇਲੇ ਧੀਰਜ ਦਿਤੀ ਅਰ ਕਿਹਾ ਤੂੰ ਡਰ ਨਾਂ ਇਹ ਲੋਕ ਸਾਡਾ ਕੁਛ ਭੀ ਨਹੀਂ ਵਿਗਾੜ ਸਕਦੇ।

ਲਾਲੀ ਅਤੇ ਕਿਸ਼ੋਰੀ ਜਦ ਸੰਨ੍ਹ ਦੇ ਰਸਤੇ ਓਸ ਮਕਾਨ ਦੇ ਅੰਦਰ ਉਤਰੀਆਂ ਤਾਂ ਇਕ ਛੋਟੀ ਜੇਹੀ ਕੋਠੜੀ ਵਿਚ ਪਹੁੰਚੀਆਂ ਜੋ ਉਕਾ ਹੀ ਖਾਲੀ ਸੀ ਓਸ ਦੇ ਤਿੰਨ ਪਾਸੇ ਦੀਆਂ ਕੰਧਾਂ ਵਿਚ ਤਿੰਨ ਬੂਹੇ ਸਨ ਇਕ ਬੂਹਾ ਤਾਂ ਵਡਾ ਸੀ ਜਿਸਦੇ ਅਗੇ ਬਾਹਰ ਵਲ

ਪਹਿਰਾ ਰਹਿੰਦਾ ਸੀ, ਦੂਸਰਾ ਬੂਹਾ ਖੁਲਾ ਹੋਇਆ ਸੀ ਜਿਸ ਤੋਂ ਮਲੂਮ ਹੁੰਦਾ ਸੀ ਕਿ ਇਹ ਕਿਸੇ ਦਲਾਨ ਜਾਂ ਕਮਰੇ ਵਿਚ ਜਾਣ ਦਾ ਰਸਤਾ ਹੈ, ਲਾਲੀ ਨੇ ਛੇਤੀ ਨਾਲ ਕੇਵਲ ਏਤਨਾ ਹੀ ਕਿਹਾ ਜੋ "ਕੁੰਜੀ ਲੈਣ ਵਾਸਤੇ ਮੈਂ ਏਸ ਰਸਤੇ ਇਕ ਮਕਾਨ ਵਿਚ ਗਈ ਸੀ" ਤੀਸਰੇ ਪਾਸੇ ਇਕ ਛੋਟਾ ਜਿਹਾ ਬੂਹਾ ਸੀ ਜਿਸਦਾ ਜੰਦਰਾ ਬੂਹੇ ਦੇ ਵਿਚ ਹੀ ਜੜਿਆ ਹੋਇਆ ਸੀ ਲਾਲੀ ਨੇ ਉਹੋ ਕੁੰਜੀ ਜੋ ਇਸ ਘਰ ਵਿਚੋਂ ਲੈ ਗਈ ਸੀ ਲਾਕੇ ਬੂਹਾ ਖੋਲਿਆ, ਦੋਵੇਂ ਅੰਦਰ ਵੜ ਗਈਆਂ ਲਾਲੀ ਨੇ ਫੇਰ ਅੰਦਰੋਂ ਓਸੇ ਕੁੰਜੀ ਨਾਲ ਬੂਹਾ ਬੰਦ ਕਰ ਲਿਆ ਓਹ ਜੰਦਰਾ ਅਜੇਹੇ ਢੰਗ ਦਾ ਸੀ ਜੋ ਅੰਦਰੋਂ ਬਾਹਰੋਂ ਇਕੋ ਕੁੰਜੀ ਲਗਦੀ ਸੀ। *ਲਾਲੀ ਨੇ ਇਹ ਕੰਮ ਬੜੀ ਫੁਰਤੀ ਨਾਲ ਕੀਤਾ ਕਿ ਓਸ ਦੇ ਅੰਦਰ ਚਲੇ ਜਾਣ ਦੇ ਪਿਛੋਂ ਉਹ ਲੋਕ ਜੋ ਉਹਨਾਂ ਨੂੰ ਫੜਨ ਲਈ ਉਤਰੇ ਸਨ ਪਹੁੰਚੇ ਅੰਦਰੋਂ ਬੂਹਾ ਬੰਦ ਕਰਕੇ ਲਾਲੀ ਨੇ ਕਿਹਾ:-ਹੁਣ ਅਸੀ ਨਿਸ-ਚਿੰਤ ਹੋ ਗਈਆਂ ਹਾਂ ਹੁਣ ਡਰ ਕੇਵਲ ਏਤਨਾਂ ਹੀ ਹੈ ਜੋ ਕੋਈ ਦੂਸਰੇ ਰਸਤਿਓਂ ਆਕੇ ਸਾਨੂੰ ਤੰਗ ਨ ਕਰੇ ਜਿਥੋਂ ਤਕ ਮੈਂ ਜਾਣਦੀ ਹਾਂ ਅਰ ਸੁਣਿਆ ਹੈ ਓਸਤੋਂ ਤਾਂ ਵਿਸਵਾਸ ਹੁੰਦਾ ਹੈ ਜੋ ਏਸ ਅਜਾਇਬ ਘਰ ਵਿਚ ਆਉਂਣੇ ਨੂੰ ਹੋਰ ਕੋਈ ਰਸਤਾ ਹੀ ਨਹੀਂ ॥

ਲਾਲੀ ਅਤੇ ਕਿਸ਼ੋਰੀ ਹੁਣ ਇਕ ਅਜੇਹੇ ਘਰ ਵਿਚ ਪਹੁੰਚੀਆਂ ਜਿਸਦੀ ਛੱਤ ਬਹੁਤ ਹੀ ਨੀਵੀਂ ਸੀ ਏਥੋਂ ਤਕ ਕਿ ਖਲੋਕੇ ਹਥ ਛੱਤ ਨੂੰ ਜਾ ਪਹੁੰਚਦਾ ਸੀ, ਇਹ ਘਰ ਬਿਲਕੁਲ ਹਨੇਰਾ ਸੀ ਲਾਲੀ ਨੇ ਆਪਣੀ ਗਠੜੀ ਖੋਲੀ ਅਰ ਮੋਮ ਵਟੀ

---

* ਏਸ ਮਕਾਨ ਵਿਚ ਜਿਥੇ ਕਿਤੇ ਲਾਲੀ ਨੇ ਜੰਦਰਾ ਖੋਲਿਆ ਏਸੇ ਕੁੰਜੀ ਨਾਲ ਏਸੇ ਢੰਗ ਨਾਲ ਖੋਲਿਆ ॥



ਕੱਢਕੇ ਜਗਾਈ ਜਿਸ ਨਾਲ ਮਲੂਮ ਹੋਯਾ ਕਿ ਇਹ ਇਕ ਕੋਠੜੀ ਹੈ ਜਿਸਦੀ ਚੌਹਾਂ ਪਾਸਿਆਂ ਦੀ ਕੰਧ ਪੱਥਰ ਦੀ ਬਣੀ ਹੋਈ ਹੈ ਜੋ ਬਹੁਤ ਹੀ ਚੀਕਣੀ ਅਤੇ ਸਾਫ ਹੈ ਹੁਣ ਲਾਲੀ ਇਹ ਢੂੰਡਣ ਲਗੀ ਜੋ ਏਸ ਮਕਾਨ ਵਿਚੋਂ ਦੂਸਰੇ ਮਕਾਨ ਵਿਚ ਜਾਣ ਦਾ ਰਸਤਾ ਭੀ ਹੈ ਕਿ ਨਹੀਂ।

ਧਰਤੀ ਵਿਚ ਹੀ ਇਕ ਬੂਹਾ ਬਣਿਆ ਹੋਇਆ ਸੀ ਜਿਸ ਨੂੰ ਲਾਲੀ ਨੇ ਖੋਲਿਆ ਅਰ ਹਥ ਵਿਚ ਮੋਮ ਵਟੀ ਲੈ ਕੇ ਹੇਠਾਂ ਉਤਰੀ ਲਗ ਭਗ ਵੀਹ ਕੁ ਪੌੜੀਆਂ ਉਤਰਕੇ ਦੋਵੇਂ ਸੁਰੰਗ ਵਿਚ ਪਹੁੰਚੀਆਂ ਜੋ ਬਹੁਤ ਦੂਰ ਤਕ ਚਲੀ ਗਈ ਸੀ ਇਹ ਦੋਵੇਂ ਥੋੜੀ ਦੂਰ ਗਈਆਂ ਹੋਣਗੀਆਂ ਜੋ ਇਹ ਅਵਾਜ਼ ਦੋਹਾਂ ਦੇ ਕੰਨਾਂ ਵਿਚ ਪਹੁੰਚੀ "ਹਾਇ ਇਕੇ ਵਾਰ ਮਾਰ ਸੁਟ, ਕਿਉਂ ਦੁਖ ਦੇਂਦਾ ਹੈਂ।

ਤਿਹ ਅਵਾਜ਼ ਸੁਣਕੇ ਕਿਸ਼ੋਰੀ ਕੰਬ ਉਠੀ ਅਰ ਉਸ ਨੇ ਖਲੋਕੇ ਲਾਲੀ ਨੂੰ ਪੁਛਿਆ ਭੈਣ! ਇਹ ਅਵਾਜ਼ ਕਹੀ ਹੈ ਅਵਾਜ਼ ਬਰੀਕ ਹੈ ਕਿਸੇ ਤੀਵੀਂ ਦੀ ਮਲੂਮ ਹੁੰਦੀ ਹੈ।

ਲਾਲੀ-ਮੈਨੂੰ ਕੁਛ ਪਤਾ ਨਹੀਂ ਜੋ ਅਵਾਜ਼ ਕੇਹੀ ਹੈ ਅਰ ਨਾ ਬੁਢੀ ਮਾਂ ਨੇ ਏਸ ਵਲੋਂ ਕੁਝ ਦਸਿਆ ਹੈ।

ਕਿਸ਼ੋਰੀ-ਮਲੂਮ ਹੁੰਦਾ ਹੈ ਕਿ ਕਿਸੇ ਇਸਤ੍ਰੀ ਨੂੰ ਕੋਈ ਦੁਖ ਦੇ ਰਿਹਾ ਹੈ, ਕਿਤੇ ਇਹ ਨ ਹੋਵੇ ਕਿ ਸਾਨੂ ਭੀ ਆਕੇ ਤੰਗ ਕਰੇ ਅਸੀਂ ਦੋਵੇਂ ਖਾਲੀ ਹਥ ਹਾਂ ਇਕ ਛੁਰਾ ਭੀ ਨਹੀਂ।

ਲਾਲੀ-ਮੈਂ ਆਪਣੇ ਨਾਲ ਦੋ ਛੁਰੇ ਲਿਆਈ ਹਾਂ ਇਕ ਆਪਣੇ ਵਾਸਤੇ ਅਰ ਦੂਜਾ ਤੇਰੇ ਵਾਸਤੇ (ਇਕ ਛੁਰਾ ਕਿਸ਼ੋਰੀ ਨੂੰ ਦੇਕੇ) ਲੈ ਇਕ ਤੂੰ ਰਖ ਮੈਨੂੰ ਚੰਗੀ ਤਰਾਂ ਯਾਦ ਹੈ ਜੋ ਤੂੰ ਇਕ ਵਾਰੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.